
"सर्वे नया अपि विरोधभृतो मिथस्ते,
सम्भूय साधु समयं भगवन् भजन्ते।
भूपा इव प्रतिभटा भुवि सार्वभौम,
पादांबुजं प्रधनयुक्तिपराजिता द्राक्।"

"ਜਿਵੇਂ ਛੋਟੇ-ਛੋਟੇ ਰਾਜੇ ਮਹਾਰਾਜੇ ਆਪਸ ਵਿਚ ਕਿੰਨੀ ਹੀ ਲੜਾਈ ਕਿਉਂ ਨਾ ਰਖਣ, ਪਰ ਚੱਕਰਵਰਤੀ ਬਾਦਸ਼ਾਹ ਦੇ ਇਕ ਛਤਰ-ਸ਼ਾਸਨ ਵਿਚ ਸਾਰਾ ਵੈਰ ਵਿਰੋਧ ਭੁਲ ਜਾਂਦੇ ਹਨ। ਉਸੇ ਪ੍ਰਕਾਰ ਸੰਸਾਰ ਦੇ ਸਾਰੇ ਏਕਾਂਤਵਾਦੀ ਮੱਤ ਚਾਹੇ ਆਪਸ ਵਿਚ ਕਿੰਨੇ ਹੀ ਵਿਰੋਧੀ ਕਿਉਂ ਨਾ ਹੋਣ ਇਕ ਦੂਸਰੇ ਦਾ ਖੰਡਨ ਕਰਦੇ ਹੋਣ, ਪਰ ਸਿਆਦਵਾਦ ਰੂਪੀ ਚੱਕਰਵਰਤੀ ਦੇ ਸ਼ਾਸਨ ਵਿਚ ਉਹ ਸਾਰੇ ਇਕ ਦੂਸਰੇ ਦੀ ਇਜ਼ਤ ਕਰਦੇ ਹਨ। ਸ਼ਾਂਤੀ ਨਾਲ, ਸਚ ਦੀ ਸਾਧਨਾ ਕਰਦੇ ਹਨ।"

* * *



# ਮਹਾਵੀਰ ਦੀ ਅਮਰ ਦੇਣ : ਏਕਤਾ

□

ਭਾਰਤ ਵਰਸ਼ ਵਿਚ ਦਾਰਸ਼ਨਿਕ ਵਿਚਾਰ-ਧਾਰਾ ਦਾ ਜਿਨਾਂ ਵਿਕਾਸ ਹੋਇਆ ਹੈ, ਉੱਨਾ ਕਿਸੇ ਹੋਰ ਦੇਸ਼ ਵਿਚ ਨਹੀਂ ਹੋਇਆ। ਭਾਰਤ-ਭਮੀ ਦਰਸ਼ਨਾਂ ਦੀ ਜਨਮ-ਭੂਮੀ ਹੈ। ਇਥੇ ਭਿਨ-ਭਿੰਨ ਦਰਸ਼ਨਾਂ ਦੇ ਭਿੰਨ-ਭਿੰਨ ਵਿਚਾਰ ਬਿਨਾ ਰੁਕਾਵਟ ਤੇ ਮਨਾਹ ਤੋਂ ਫਲਦੇ-ਫੁਲਦੇ ਰਹੇ ਹਨ। ਜੇ ਭਾਰਤ ਦੇ ਸਾਰ ਪੁਰਾਣੇ ਦਰਸ਼ਨਾਂ ਦੀ ਜਾਣਕਾਰੀ ਲਦ ਜਾਵੇ, ਤਾਂ ਇਕ ਬਹੁਤ ਵਡਾ ਗਰੰਥ ਬਣ ਜਾਵੇਗਾ। ਇਸ ਲਈ ਇਥੇ ਅਸੀਂ ਵਿਸਥਾਰ ਵਿਚ ਨਾ ਜਾ ਕੇ ਸੰਖੇਪ ਵਿਚ ਭਾਰਤ ਦੇ ਬਹੁਤ ਪੁਰਾਣੇ ਪੰਜ ਦਰਸ਼ਨਾਂ ਦੀ ਜਾਣਕਾਰੀ ਦਿੰਦੇ ਹਾਂ। ਭਗਵਾਨ ਮਹਾਵੀਰ ਸਮੇਂ ਇਨ੍ਹਾਂ ਪੰਜਾਂ ਦਰਸ਼ਨਾਂ ਦੀ ਹੋਂਦ ਸੀ ਤੇ ਅੱਜ ਵੀ ਸਾਰੇ ਲੋਕ ਇਨ੍ਹਾਂ ਦਰਸ਼ਨਾਂ ਵਿਚ ਵਿਸ਼ਵਾਸ ਰਖਦੇ ਹਨ।

ਲਬੀ ਚਰਚਾ ਦੇ ਉੱਤਰ ਵਿਚ ਜਾਣ ਤੋਂ ਤੁਹਾਨੂੰ ਜ਼ਰਾ ਕਸ਼ਟ ਹੋਵੇਗਾ। ਇਸ ਲਈ ਪਹਿਲਾਂ ਤੁਹਾਨੂੰ ਪੰਜਾਂ ਦੇ ਨਾਮ

ਦਸ ਦੇਵਾਂ ਤਾਂ ਚੰਗਾ ਰਹੇਗਾ। ਪੰਜਾਂ ਦੇ ਨਾਮ ਇਸ ਪ੍ਰਕਾਹ ਹਨ :-

(੧) ਕਾਲਵਾਦ (੨) ਸੁਭਾਵਵਾਦ (੩) ਕਰਮਵਾਦ (੪) ਪੁਰਸਾਰਥਵਾਦ ਤੇ (੫) ਨਿਯੱਤੀਵਾਦ।

ਇਨ੍ਹਾਂ ਪੰਜਾਂ ਦਾ ਆਪਸ ਵਿਚ ਸੰਘਰਸ਼ ਹੈ ਤੇ ਹਰ ਇਕ ਆਪਸ ਵਿਚ ਇਕ ਦੂਸਰੇ ਦਾ ਖੰਡਨ ਕਰਕੇ ਆਪਣੇ ਰਾਹੀਂ ਹੀ ਕੰਮ ਸਿਧ ਹੋਣ ਦਾ ਦਾਅਵਾ ਕਰਦੇ ਹਨ।

## * ਕਾਲਵਾਦ :

ਇਹ ਦਰਸ਼ਨ ਬਹੁਤ ਪੁਰਾਣਾ ਹੈ। ਇਹ ਕਾਲ ਨੂੰ ਹੀ ਸਭ ਤੋਂ ਵਡਾ ਮਹੱਤਵ ਦਿਦਾ ਹੈ। ਕਾਲ-ਵਾਦ ਦਾ ਕਥਨ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਕਮ ਹੁਦਾ ਹੈ, ਉਹ ਕਾਲ ਦੇ ਹੀ ਪ੍ਰਭਾਵ ਨਾਲ ਹੁੰਦਾ ਹੈ। ਕੁਝ ਕਾਲ ਦੇ ਬਿਨਾਂ ਸੁਭਾਵ, ਕਰਮ, ਪੁਰਸ਼ਾਰਥ ਅਤੇ ਨਿਯੱਤੀ ਵੀ ਨਹੀਂ। ਇਕ ਆਦਮੀ ਪਾਪ ਜਾਂ ਪੁਨ ਦਾ ਕੰਮ ਕਰਦਾ ਹੈ ਪਰ ਉਸਨੂੰ ਉਸ ਸਮੇਂ ਫਲ ਨਹੀਂ ਮਿਲਦਾ। ਸਮਾਂ (ਕਾਲ) ਪੈਣ ਤੇ ਹੀ ਉਸਨੂੰ ਚੰਗਾ, ਬੁਰਾ ਫਲ ਪ੍ਰਾਪਤ ਹੁੰਦਾ ਹੈ। ਇਕ ਬਚਾ ਅਜ ਪੈਦਾ ਹੁੰਦਾ ਹੈ। ਉਸਨੂੰ ਕਿੰਨਾਂ ਹੀ ਚਲਣ ਲਈ ਆਖੋ, ਨਹੀਂ ਚਲੇਗਾ। ਕਿੰਨਾਂ ਹੀ ਬੋਲਣ ਲਈ ਆਖੋ, ਨਹੀਂ ਬੋਲੇਗਾ ਜੋ ਬਾਲਕ ਅਜ ਸੇਰ ਵਜ਼ਨ ਨਹੀਂ ਚੁਕ ਸਕਦਾ, ਉਹ ਕਾਲ ਦੇ ਅਧੀਨ ਨੌਜਵਾਨ ਹੋਣ

ਤੇ ਮਣ ਵਜ਼ਨ ਚੁਕ ਲੈਂਦਾ ਹੈ। ਅੰਬ ਦਾ ਦਰਖਤ ਅਜ ਹੀ ਬੀਜਿਆ ਹੈ। ਕੀ ਉਸਦੇ ਅਜ ਹੀ ਅੰਬ ਚਖ ਸਕਦੇ ਹ? ਸਾਲਾਂ ਬਾਦ ਕਿਤੇ ਜਾ ਕੇ ਅੰਬਾਂ ਦੇ ਦਰਸ਼ਨ ਹੁੰਦੇ ਹਨ। ਗਰਮੀ ਦੀ ਰੁੱਤ (ਕਾਲ) ਵਿਚ ਗਰਮੀ ਪੈਂਦੀ ਹੈ ਤੇ ਸਰਦੀ ਦੀ ਰੁਤ ਵਿਚ ਸਰਦੀ। ਜਵਾਨੀ ਵਿਚ ਹੀ ਮਨੁਖ ਦੇ ਦਾੜ੍ਹੀ ਮੁੱਛਾਂ ਆਉਂਦੀਆਂ ਹਨ। ਮਨੁੱਖ ਕਾਲ ਤੋਂ ਬਿਨਾ ਕੁਝ ਨਹੀਂ ਕਰ ਸਕਦਾ। ਸਮਾਂ (ਕਾਲ) ਆਉਣ ਤੇ ਸਭ ਕੰਮ ਹੋ ਜਾਂਦੇ ਹਨ। ਸਮਾਂ (ਕਾਲ) ਦੀ ਬੜੀ ਮਹਿਮਾ ਹੈ।

* **ਸੁਭਾਵਵਾਦ :**

ਇਹ ਦਰਸ਼ਨ ਵੀ ਘੱਟ ਵਜ਼ਨ-ਦਾਰ ਨਹੀਂ। ਇਹ ਵੀ ਆਪਣੇ ਹੱਕ ਵਿਚ ਚੰਗੇ ਤਰਕ ਰਖਦਾ ਹੈ। ਇਸ ਦਾ ਕਹਿਣਾ ਹੈ ਕਿ ਸੰਸਾਰ ਵਿਚ ਜੋ ਕੁਝ ਵੀ ਹੋ ਰਿਹਾ ਹੈ ਸਭ ਵਸਤਾਂ ਦੇ ਸੁਭਾਵ (ਆਦਤਾਂ) ਦੇ ਪ੍ਰਭਾਵ ਹੇਠ ਹੋ ਰਿਹਾ ਹੈ। ਸੁਭਾਵ ਤੋਂ ਬਿਨਾ ਕਾਲ, ਕਰਮ, ਨੀਤੀ ਆਦਿ ਕੁਝ ਵੀ ਨਹੀਂ ਕਰ ਸਕਦੇ। ਅੰਬ ਦੀ ਗੁਠਲੀ ਵਿਚ ਅੰਬ ਦਾ ਬੀਜ ਹੋਣਾ ਸੁਭਾਵਿਕ ਹੈ। ਇਸਦੇ ਕਾਰਣ ਹੀ ਮਾਲੀ ਦੀ ਮਿਹਨਤ ਸਫਲ ਹੁੰਦੀ ਹੈ ਤੇ ਸਮਾਂ ਆਉਣ ਤੇ ਦਰਖਤ ਹੋ ਜਾਦਾ ਹੈ। ਜੇ ਕਾਲ ਹੀ ਸਭ ਕੁਝ ਕਰ ਸਕਦਾ ਹੈ ਤਾਂ ਕੀ ਨਿਮ ਦੀ ਨਿਮੋਲੀ ਵਿਚੋਂ ਅਬ ਪੈਦਾ ਹੋ ਸਕਦਾ ਹੈ? ਕਦੇ ਨਹੀਂ। ਸੁਭਾਵ ਬਦਲਣਾ

ਕਠਿਨ ਹੀ ਨਹੀਂ ਸਗੋਂ ਅਸੰਭਵ ਹੈ। ਨਿੰਮ ਦੇ ਦਰਖਤ ਨੂੰ ਚਾਹੇ ਗੁੜ ਦੇ ਪਾਣੀ ਨਾਲ ਸਿੰਜਦੇ ਰਹੋ। ਕੀ ਉਹ ਮਿੱਠਾ ਹੋ ਸਕਦਾ ਹੈ ? ਦਹੀਂ ਜਮਾਉਣ ਨਾਲ ਹੀ ਮੱਖਣ ਨਿਕਲਦਾ ਹੈ, ਪਾਣੀ ਨਾਲ ਨਹੀਂ। ਕਿਉਂਕਿ ਦਹੀਂ ਵਿਚ ਮੱਖਣ ਦੇਣ ਦਾ ਹੀ ਸੁਭਾਵ ਹੈ। ਅੱਗ ਦਾ ਸੁਭਾਵ ਗਰਮ ਹੈ ਤੇ ਪਾਣੀ ਦਾ ਸੁਭਾਵ ਠੰਡਾ। ਸੂਰਜ ਦਾ ਸੁਭਾਵ ਦਿਨ ਕਰਨਾ ਹੈ ਤੇ ਤਾਰਿਆਂ ਦਾ ਰਾਤ ਕਰਨੀ। ਹਰ ਵਸਤ ਆਪਣੇ ਸੁਭਾਵ ਅਨੁਸਾਰ ਹੀ ਕੰਮ ਕਰ ਰਹੀ ਹੈ। ਇਸ ਅੱਗੇ ਵਿਚਾਰੇ ਕਾਲ ਆਦਿ ਕੀ ਕਰ ਸਕਦੇ ਹਨ ?

## * ਕਰਮਵਾਦ

ਇਹ ਦਰਸ਼ਨ ਪ੍ਰਮੁਖ ਭਾਰਤੀ ਦਰਸ਼ਨ ਹੈ। ਇਕ ਬਲ-ਭਰਪੂਰ ਦਾਰਸ਼ਨਿਕ ਵਿਚਾਰਧਾਰਾ ਹੈ। ਕਰਮਵਾਦ ਦਾ ਕਹਿਣਾ ਹੈ ਕਿ ਕਾਲ, ਸੁਭਾਵ, ਨੀਤੀ ਤੇ ਪੁਰਸ਼ਾਰਥ ਆਦਿ ਮੇਰੇ ਅੱਗੇ ਕੁਝ ਵੀ ਨਹੀਂ ਹਨ। ਸੰਸਾਰ ਵਿਚ ਸਾਰੇ ਪਾਸੇ ਕਰਮ ਦਾ ਹੀ ਇਕ ਛੱਤਰ-ਰਾਜ ਹੈ। ਵੇਖੋ— ਇਕ ਮਾਂ ਦੇ ਇਕ ਵਾਰ ਵਿਚ ਦੋ ਪੁਤਰ ਜੰਮਦੇ ਹਨ ਇਕ ਬੁਧੀਮਾਨ ਹੈ ਤੇ ਦੂਸਰਾ ਨਿਰਾ ਮੂਰਖ। ਬਾਹਰਲੀ ਸਥਿਤੀ ਇਕ ਹੋਣ ਦੇ ਬਾਵਜੂਦ ਇੰਨਾ ਫਰਕ ਕਿਉਂ ? ਇਸ ਭੇਦ ਦਾ ਕਾਰਣ ਕਰਮ ਹੈ। ਇਕ ਰਿਕਸ਼ਾ ਵਿਚ ਬੈਠਣ ਵਾਲਾ ਹੈ ਤੇ ਦੂਸਰਾ ਪਸ਼ੂ ਵਾਂਗ ਖਿੱਚਣ ਵਾਲਾ ਹੈ। ਮਨੁਖ ਦੇ ਰਿਸ਼ਤੇ ਨਾਲ ਉਹ ਬਰਾਬਰ ਹਨ। ਉਸਨੂੰ ਪਰ ਕਰਮਾਂ ਦੇ

ਕਾਰਣ ਭੇਦ ਹੈ। ਬੜੇ-ਬੜੇ ਚਤੁਰ ਪੁਰਸ਼ ਭੁਖੇ ਮਰਦੇ ਹਨ। ਮਹਾਂਮੂਰਖ ਗਦੀਆਂ ਤੇ ਆਰਾਮ ਕਰਦੇ ਹਨ। ਇਕ ਨੂੰ ਮੰਗਣ ਤੇ ਵੀ ਨਹੀਂ ਮਿਲਦਾ, ਦੂਸਰਾ ਹਰ ਰੋਜ਼ ਸੈਂਕੜੇ ਰੁਪੈ ਖਰਚ ਕਰ ਦਿੰਦਾ ਹੈ। ਇਕ ਦੇ ਸਰੀਰ ਤੇ ਕਪੜੇ ਦੇ ਨਾਮ ਮਾਤਰ ਚੀਥੜਾ ਵੀ ਨਹੀਂ, ਦੂਸਰੇ ਦੇ ਕੁੱਤੇ ਮਖਮਲ ਦੇ ਗੁਦੈਲੇ ਤੇ ਸੌਂਦੇ ਹਨ। ਇਹ ਸਭ ਕੀ ਹੈ? ਆਪਣੇ-ਆਪਣੇ ਕਰਮ ਹਨ। ਰਾਜਾ ਤੋਂ ਗਰੀਬ, ਗਰੀਬ ਤੋਂ ਰਾਜਾ ਬਨਾਉਣਾ ਕਰਮ ਦੇ ਖੱਬੇ ਹੱਥ ਦਾ ਖੇਲ ਹੈ। ਤਦ ਹੀ ਤਾਂ ਇਕ ਮਹਾਂਪੁਰਸ਼ ਨੇ ਕਿਹਾ ਹੈ 'ਗਹ੍ਨਾ ਕਰਮਣੋ ਗਤਿ:' ਅਰਥਾਤ ਕਰਮ ਦੀ ਗਤੀ ਬੜੀ ਡੂੰਘੀ ਹੈ।

### * ਪੁਰਸ਼ਾਰਥਵਾਦ

ਇਹ ਵਾਦ ਸੰਸਾਰ ਵਿਚ ਘੱਟ ਪ੍ਰਭਾਵਸ਼ਾਲੀ ਨਹੀਂ ਹੈ। ਇਹ ਠੀਕ ਹੈ ਲੋਕਾਂ ਨੇ ਪੁਰਸ਼ਾਰਥਵਾਦ ਨੂੰ ਅਜੇ ਚੰਗੀ ਤਰ੍ਹਾਂ ਨਹੀਂ ਸਮਝਿਆ ਤੇ ਕਰਮ, ਸੁਭਾਵ ਅਤੇ ਕਾਲ ਆਦਿ "ਵਾਦਾਂ" ਨੂੰ ਹੀ ਜ਼ਿਆਦਾ ਮਹੱਤਵ ਪ੍ਰਦਾਨ ਕੀਤਾ ਹੈ। ਪਰ ਪੁਰਸ਼ਾਰਥਵਾਦ ਦਾ ਕਹਿਣਾ ਹੈ ਕਿ ਬਿਨਾ ਪੁਰਸ਼ਾਰਥ (ਮੇਹਨਤ) ਸੰਸਾਰ ਦਾ ਕੋਈ ਵੀ ਕੰਮ ਸੰਭਵ ਨਹੀਂ ਹੋ ਸਕਦਾ। ਸੰਸਾਰ ਵਿਚ ਜਿੱਥੇ ਵੀ ਕੋਈ ਕਿਸੇ ਵੀ ਤਰ੍ਹਾਂ ਦਾ ਕੰਮ ਹੁੰਦਾ ਹੈ, ਉਸਦੇ ਪਿੱਛੇ ਪੁਰਸ਼ਾਰਥ ਦੀ ਸ਼ਕਤੀ ਛਿਪੀ ਹੁਦੀ ਹੈ। ਪਰ ਜੇਕਰ ਉਸ ਸਮੇਂ ਮੇਹਨਤ ਨਾ ਹੋਵੇ ਤਾਂ ਅੰਬ ਦੀ ਗੁਠਲੀ ਦੇ ਸੁਭਾਵ ਦਾ ਕੀ ਬਣੇ? ਕਰਮਾਂ ਦਾ

ਫਲ ਬਿਨਾਂ ਮੇਹਨਤ ਦੇ ਹੱਥ ਕਿਵੇਂ ਆਵੇਗਾ ? ਸੰਸਾਰ ਵਿਚ ਮਨੁਖ ਨੇ ਜੋ ਉੱਨਤੀ ਕੀਤੀ ਹੈ ਉਹ ਸਖਤ ਮੇਹਨਤ ਦੇ ਕਾਰਣ ਹੀ ਕੀਤੀ ਹੈ। ਅੱਜ ਦਾ ਮਨੁਖ ਹਵਾ ਵਿਚ ਉਡ ਰਿਹਾ ਹੈ। ਪ੍ਰਮਾਣੂ-ਬੰਬ ਜੇਹੀ ਬੜੀ ਖੋਜ ਵਿਚ ਸਫਲ ਹੋਇਆ ਹੈ। ਇਹ ਮਨੁਖ ਦਾ ਆਪਣਾ ਪੁਰਸ਼ਾਰਥ ਨਹੀਂ ਤਾਂ ਹੋਰ ਕੀ ਹੈ ? ਇਕ ਮਨੁਖ ਕਈ ਦਿਨਾਂ ਤੋਂ ਭੁਖਾ ਹੈ। ਕੋਈ ਦਿਆਲੂ ਉਸਦੇ ਸਾਹਮਣੇ ਮਿਠਾਈ ਦਾ ਥਾਲ ਰਖ ਦਿੰਦਾ ਹੈ ਉਹ ਨਹੀਂ ਖਾ ਸਕਦਾ। ਉਸ ਨੂੰ ਖਾਣ ਲਈ ਵੀ ਪੁਰਸ਼ਾਰਥ ਦੀ ਜ਼ਰੂਰਤ ਹੈ ਬੇਸ਼ਕ ਮਿਠਾਈ ਮੂੰਹ ਵਿਚ ਹੀ ਪਾ ਦਿਤੀ ਜਾਵੇ। ਮਿਠਾਈ ਨੂੰ ਚਬਾਉਣ ਜਾਂ ਪੇਟ ਵਚ ਪੁਚਾਉਣ ਲਈ ਮੇਹਨਤ ਕਰਨੀ ਪਵੇਗੀ। ਸੁੱਤੇ ਸ਼ੇਰ ਦੇ ਮੂੰਹ ਵਿਚ ਸ਼ਿਕਾਰ ਆਪਣੇ ਆਪ ਹੀ ਨਹੀਂ ਆ ਜਾਂਦਾ। ਤਾਂ ਹੀ ਆਖਿਆ ਗਿਆ ਹੈ : "ਪੁਰਸ਼ ਹੋ, ਪੁਰਸ਼ਾਰਥ ਕਰੋ, ਉਠੋ !"

## * ਨਿਯੱਤੀਵਾਦ

ਇਹ ਦਰਸ਼ਨ ਜ਼ਰਾ ਗੰਭੀਰ ਹੈ। ਕੁਦਰਤ ਦੇ ਅਟੱਲ ਨਿਯਮਾਂ ਨੂੰ ਨਿਯੱਤੀ ਕਹਿੰਦੇ ਹਨ। ਨਿਯੱਤੀਵਾਦ ਦਾ ਕਹਿਣਾ ਹੈ ਕਿ ਸੰਸਾਰ ਵਿਚ ਜਿੰਨੇ ਵੀ ਕੰਮ ਹੁੰਦੇ ਹਨ, ਉਹ ਕੁਦਰਤ ਦੇ ਨੇਮ ਹੇਠ ਹੁੰਦੇ ਹਨ। ਸੂਰਜ ਪੂਰਬ ਵਲੋਂ ਨਿਕਲਦਾ ਹੈ, ਪੱਛਮ ਵਲੋਂ ਕਿਉਂ ਨਹੀਂ ? ਕਮਲ ਪਾਣੀ ਵਿਚ ਪੈਦਾ

ਹੁੰਦਾ ਹੈ, ਪੱਥਰ ਤੇ ਕਿਉਂ ਨਹੀਂ ? ਪੰਛੀ ਹੀ ਆਕਾਸ਼ ਵਿਚ ਉਡਦੇ ਹਨ, ਗਧੇ, ਘੋੜੇ ਕਿਉਂ ਨਹੀਂ। ਹੰਸ ਸਫੈਦ ਹਨ, ਕੋਇਲ ਕਾਲੀ ਕਿਉਂ ? ਪਸ਼ੂ ਦੇ ਚਾਰ ਪੈਰ ਹਨ, ਮਨੁੱਖ ਦੇ ਦੋ ਕਿਉਂ ? ਅੱਗ ਦੀ ਲਾਟ ਉੱਪਰ ਨੂੰ ਕਿਉਂ ਜਾਂਦੀ ਹੈ ਅਤੇ ਪਾਣੀ ਨਿਮਾਣ ਵਲ ਕਿਉਂ ਵਗਦਾ ਹੈ ? ਇਨ੍ਹਾਂ ਸਾਰੇ ਪ੍ਰਸ਼ਨਾਂ ਦਾ ਉੱਤਰ ਕੇਵਲ ਇਹੋ ਹੈ ਕਿ ਕੁਦਰਤੀ ਨਿਯਮ ਹੈ। ਜੇਕਰ ਇਹ ਕੁਦਰਤੀ ਨਿਯਮ ਨਾ ਹੋਣ ਤਾਂ ਸੰਸਾਰ ਦਾ ਵਿਨਾਸ਼ ਹੋ ਜਾਵੇਗਾ। ਸੂਰਜ ਪੱਛਮ ਵਲੋਂ ਨਿਕਲੇ, ਅੱਗ ਠੰਡੀ ਹੋ ਜਾਵੇ, ਗਧੇ, ਘੋੜੇ ਆਕਾਸ਼ ਵਿਚ ਉੱਡਣ ਲਗ ਜਾਣ ਤਾਂ ਫੇਰ ਸੰਸਾਰ ਵਿਚ ਵਿਵਸਥਾ ਨਾ ਰਹੇ। ਕੁਦਰਤ ਦੇ ਅੱਟਲ ਸਿਧਾਂਤ ਦੇ ਅੱਗੇ ਸਾਰੇ ਸਿਧਾਂਤ ਤੁੱਛ ਹਨ। ਕੋਈ ਵਿਅਕਤੀ ਕੁਦਰਤੀ ਨਿਯਮਾਂ ਦੇ ਵਿਰੁਧ ਨਹੀਂ ਹੋ ਸਕਦਾ। ਇਸ ਲਈ ਨਿਯੱਤੀ ਮਹਾਨ ਹੈ।

ਭਗਵਾਨ ਮਹਾਵੀਰ ਨੇ ਏਕਾਂਤਵਾਦ ਦੀ ਸਮਸਿਆ ਨੂੰ ਚੰਗੀ ਤਰ੍ਹਾਂ ਸਮਝਿਆ ਤੇ ਇਸਦਾ ਹਲ ਕੀਤਾ। ਸੰਸਾਰ ਦੇ ਅੱਗੇ ਸਾਰੇ ਸਿਧਾਂਤਾਂ ਵਿਚ ਏਕਤਾ ਦੀ ਗੱਲ ਰਖੀ ਗਈ ਹੈ ਜੋ ਪੂਰੀ ਤਰ੍ਹਾਂ ਸੱਚ ਤੇ ਆਧਾਰਿਤ ਹੈ।

### ❀ ਸਮਨਵਯਵਾਦ
(ਸਿਧਾਂਤਾਂ ਦੀ ਆਪਸੀ ਏਕਤਾ)

ਭਗਵਾਨ ਮਹਾਵੀਰ ਦਾ ਕਹਿਣਾ ਹੈ ਕਿ ਪੰਜੇ ਹੀ ਵਾਦ ਆਪਣੀ ਥਾਂ ਤੇ ਠੀਕ ਹਨ। ਸੰਸਾਰ ਵਿਚ ਜੋ ਭੀ ਕੰਮ


ਹੁਦਾ ਹੈ ਇਨ੍ਹਾਂ ਪੰਜਾਂ ਦੇ ਸੁਮੇਲ (ਏਕਤਾ) ਨਾਲ ਹੀ ਹੁੰਦਾ ਹੈ। ਇਸ ਤਰ੍ਹਾਂ ਨਹੀਂ ਹੋ ਸਕਦਾ ਕਿ ਇਕ ਹੀ ਆਪਣੇ ਬਲ ਤੇ ਹੀ ਕੰਮ ਸਿੱਧ ਕਰੇ। ਬੁਧੀਮਾਨ ਮਨੁੱਖ ਨੂੰ ਜਿੱਦ ਛੱਡਕੇ ਸਾਰੇ ਸਿਧਾਂਤਾਂ ਵਿਚ ਮੇਲ ਬਿਠਾਉਣਾ ਚਾਹੀਦਾ ਹੈ। ਬਿਨਾਂ ਸਿਧਾਂਤਾਂ ਦੀ ਏਕਤਾ ਦੇ ਸਫਲਤਾ ਨਹੀਂ ਪ੍ਰਾਪਤ ਹੋ ਸਕਦੀ। ਇਹ ਹੋ ਸਕਦਾ ਹੈ ਕਿ ਕਿਸੇ ਕੰਮ ਵਿਚ ਕੋਈ ਇਕ ਸਿਧਾਂਤ ਪ੍ਰਮੁੱਖ ਹੋਵੇ ਤੇ ਦੂਸਰੇ ਕੁਝ ਘੱਟ ਹੋਣ। ਪਰ ਇਹ ਨਹੀਂ ਹੋ ਸਕਦਾ ਕਿ ਇਕ ਸਿਧਾਂਤ ਨਾਲ ਹੀ ਸਾਰੇ ਕੰਮ ਪੂਰੇ ਹੋਣ।

ਭਗਵਾਨ ਮਹਾਵੀਰ ਦਾ ਉਪਦੇਸ਼ ਪੂਰਣ ਸੱਚ ਹੈ। ਸਾਨੂੰ ਇਸਨੂੰ ਸਮਝਣ ਲਈ ਅੰਬਾਂ ਵਾਲਾ ਉਦਾਹਰਣ ਲੈਣਾ ਚਾਹੀਦਾ ਹੈ। ਮਾਲੀ ਬਾਗ ਵਿਚ ਅੰਬ ਬੀਜਦਾ ਹੈ। ਇਥੇ ਪੰਜਾਂ ਸਿਧਾਂਤਾਂ ਦਾ ਮੇਲ ਹੀ ਦਰਖ਼ਤ ਹੋਵੇਗਾ। ਅੰਬ ਦੀ ਗੁਠਲੀ ਵਿਚ ਅੰਬ ਪੈਦਾ ਕਰਨ ਦਾ ਸੁਭਾਵ ਹੈ। ਬੀਜੇ ਹੋਏ ਬੀਜ ਦੀ ਰਾਖੀ ਲਈ ਪੁਰਸ਼ਾਰਥ ਦੀ ਲੋੜ ਹੈ। ਪੁਰਸ਼ਾਰਥ ਵੀ ਕਰ ਲਿਆ ਪਰ ਬਿਨਾਂ ਕਾਲ ਦੇ ਤਿਆਰ ਨਹੀਂ ਹੋਵੇਗਾ। ਕਾਲ ਦੀ ਹੱਦ ਪੂਰੀ ਹੋਣ ਤੇ ਜੇ ਕਿਸਮਤ ਚੰਗੀ ਨ ਹੋਵੇ ਤਾਂ ਅੰਬ ਪ੍ਰਾਪਤ ਨਹੀਂ ਹੋ ਸਕਦਾ। ਕਦੇ ਕਦੇ ਕਿਨਾਰੇ ਤੇ ਲਗਿਆ ਜਹਾਜ਼ ਵੀ ਡੁੱਬ ਜਾਂਦਾ ਹੈ। ਹੁਣ ਰਹੀ ਕੁਦਰਤ ਦੀ ਗਲ। ਉਹ ਤੇ ਸਭ ਕੁੱਝ ਹੈ ਹੀ। ਅੰਬ ਤੋਂ ਅੰਬ ਹੋਣਾ ਕੁਦਰਤ ਦਾ ਅਟੱਲ ਨਿਯਮ ਹੈ। ਇਸ ਤੋਂ ਕੌਣ ਇਨਕਾਰ ਕਰ ਸਕਦਾ ਹੈ।

ਪੜ੍ਹਨ ਵਾਲੇ ਵਿਦਿਆਰਥੀ ਲਈ ਪੰਜੇ ਵਾਦ ਜ਼ਰੂਰ

ਹਨ । ਪੜ੍ਹਨ ਲਈ ਮਨ ਦੀ ਇਕਾਗਰਤਾ ਦਾ ਸੁਭਾਵ ਹੋਵੇ । ਸਮਾਂ ਭੀ ਦਿੱਤਾ ਹੋਵੇ । ਪੁਰਸ਼ਾਰਥ (ਕੋਸ਼ਿਸ਼, ਮੇਹਨਤ) ਵੀ ਕੀਤਾ ਹੋਵੇ । ਚੰਗੀ ਕਿਸਮਤ ਹੋਵੇ ਤੇ ਭੈੜੇ ਕਰਮ ਖਤਮ ਹੋ ਚੁੱਕੇ ਹੋਣ ਤੇ ਕੁਦਰਤ ਦੇ ਨਿਯਮਾਂ ਦਾ ਧਿਆਨ ਹੋਵੇ ਤਾਂ ਹੀ ਪੜ੍ਹ ਲਿਖਕੇ ਵਿਦਵਾਨ ਹੋ ਸਕਦਾ ਹੈ । ਅਨੇਕਾਂਤਵਾਦ ਰਾਹੀਂ ਹੀ ਕੀਤੀ ਜਾਣ ਵਾਲੀ ਇਹ ਸਿਧਾਂਤਿਕ ਏਕਤਾ ਜਨਤਾ ਨੂੰ ਸੱਚ ਦਾ ਪ੍ਰਕਾਸ਼ ਵਿਖਾਉਂਦੀ ਹੈ ।

* * *



# ਨੈਤਿਕਤਾ ਦਾ ਮੂਲ ਆਧਾਰ : ਕਰਮਵਾਦ

ਦਾਰਸ਼ਨਿਕ ਵਾਦਾਂ ਦੀ ਦੁਨੀਆਂ ਵਿਚ ਕਰਮਵਾਦ ਵੀ ਆਪਣਾ ਖਾਸ ਮਿਥਿਆ ਹੋਇਆ ਥਾਂ ਰਖਦਾ ਹੈ। ਜੈਨ ਧਰਮ ਦੀ ਸਿਧਾਂਤਕ ਵਿਚਾਰਧਾਰਾ ਵਿਚ ਤਾਂ ਕਰਮਵਾਦ ਦੀ ਆਪਣੀ ਵਿਸ਼ੇਸ਼ ਥਾਂ ਹੈ। ਬਲਕਿ ਇਹ ਕਹਿਣਾ ਜ਼ਿਆਦਾ ਠੀਕ ਹੋਵੇਗਾ ਕਿ ਕਰਮਵਾਦ ਨੂੰ ਸਮਝੇ ਬਿਨਾਂ ਜੈਨ ਸੰਸਕ੍ਰਿਤੀ ਤੇ ਜੈਨ ਧਰਮ ਦਾ ਠੀਕ ਗਿਆਨ ਪ੍ਰਾਪਤ ਨਹੀਂ ਹੋ ਸਕਦਾ। ਜੈਨ ਧਰਮ ਤੇ ਜੈਨ ਸੰਸਕ੍ਰਿਤੀ ਦਾ ਵਿਸ਼ਾਲ ਮਹਿਲ ਕਰਮ-ਵਾਦ ਦੀ ਡੂੰਘੀ ਤੇ ਪੱਕੀ ਨੀਂਵ ਤੇ ਖੜਾ ਹੈ। ਇਸ ਲਈ, ਆਓ ! ਕਰਮਵਾਦ ਦੇ ਸੰਬੰਧ ਵਿਚ ਕੁਝ ਪ੍ਰਮੁਖ ਗਲਾਂ ਸਮਝ ਲਈਏ।

## * ਕਰਮਵਾਦ ਦਾ ਅਰਥ

ਕਰਮਵਾਦ ਦੀ ਧਾਰਨਾ ਹੈ ਕਿ ਸੰਸਾਰੀ ਆਤਮਾਵਾਂ ਦੀ ਸੁੱਖ-ਦੁਖ, ਸੰਪਤੀ-ਆਪਤੀ ਤੇ ਉਚ-ਨੀਚ ਆਦਿ ਜਿਨੀਆਂ

ਵੀ ਭਿਨ ਭਿੰਨ ਅਵਸਥਾਵਾਂ ਵਿਖਾਈ ਦਿੰਦੀਆਂ ਹਨ, ਉਨ੍ਹਾਂ ਸਾਰੀਆਂ ਵਿਚ ਕਾਲ ਤੇ ਸੁਭਾਵ ਆਦਿ ਦੀ ਤਰ੍ਹਾਂ "ਕਰਮ" ਵੀ ਇਕ ਮੁਖ ਕਾਰਨ ਹੈ। ਜੈਨ ਦਰਸ਼ਨ ਜੀਵਾਂ ਦੀ ਇਹਨਾਂ ਹਾਲਤਾਂ ਵਿਚ ਈਸ਼ਵਰ ਨੂੰ ਕਾਰਨ ਨਾ ਸਮਝਕੇ (ਮੰਨਕੇ) ਕਰਮਾਂ ਨੂੰ ਹੀ ਕਾਰਨ ਮੰਨਦਾ ਹੈ। ਅਧਿਆਤਮਕ-ਸ਼ਾਸ਼ਤਰ ਦੇ ਡੂੰਘੇ ਸੰਤ ਦੇਵ ਚੰਦਰ ਜੀ ਨੇ ਕਿਹਾ ਹੈ ਕਿ

"रे जीव साहस आदरो, मत थावो तुम दीन,
सुख-दुःख, सम्पद्, आपदा, पूर्व कर्म अधीन ॥"

ਇਸ ਲਈ ਨਿਆਂ, ਵੈਸ਼ੇਸ਼ਿਕ, ਸਾਂਖਯ, ਯੋਗ ਤੇ ਵੇਦਾਂਤ ਆਦਿਕ ਵੈਦਿਕ ਦਰਸ਼ਨਾਂ ਵਿਚ ਈਸ਼ਵਰ ਨੂੰ ਜਗਤਾ ਦਾ ਕਰਤਾ ਤੇ ਕਰਮਫਲ ਦਾ ਦਾਤਾ ਮੰਨਿਆ ਗਿਆ ਹੈ। ਪਰ ਜੈਨ-ਦਰਸ਼ਨ ਵਿਚ ਸਰਿਸ਼ਟੀ ਕਰਤਾ ਤੇ ਕਰਮਫਲ ਦਾਤਾ ਦੇ ਰੂਪ ਵਿਚ ਈਸ਼ਵਰ ਦੀ ਕਲਪਨਾ ਨਹੀਂ ਕਰਦਾ। ਜੈਨ-ਧਰਮ ਦਾ ਕਹਿਣਾ ਹੈ ਕਿ ਜੀਵ ਜਿਸ ਤਰ੍ਹਾਂ ਦੇ ਕਰਮ (ਕੰਮ) ਕਰਨ ਵਿਚ ਆਜ਼ਾਦ ਹੈ ਉਸੀ ਪ੍ਰਕਾਰ ਫਲ ਭੋਗਨ ਵਿਚ ਵੀ ਆਜ਼ਾਦ ਹੈ। ਮੱਕੜੀ ਖੁਦ ਹੀ ਜਾਲਾ ਬੁਣਦੀ ਹੈ। ਇਸ ਸੰਬੰਧ ਵਿਚ ਆਤਮਾ ਦੇ ਲੱਛਣ ਦਸਦੇ ਹੋਏ ਇਕ ਵਿਦਵਾਨ ਆਚਾਰੀਆ ਕਿੰਨਾਂ ਚੰਗਾ ਆਖਦਾ ਹੈ :—

स्वयं कर्म करोत्यात्मा, स्वयं तत्फलमश्नुते,
स्वयं भ्रमति संसारे, स्वयं तस्माद् विमुच्यते।

ਇਹ ਆਤਮਾ ਖੁਦ ਹੀ ਕਰਮ ਦਾ ਕਰਨ ਵਾਲਾ

ਹੈ ਤੇ ਭੋਗਣ ਵਾਲਾ ਖੁਦ ਹੀ ਸੰਸਾਰ ਦੇ ਚਕਰ ਵਿਚ ਫਸਦਾ ਹੈ ਤੇ ਇਕ ਦਿਨ ਧਰਮ-ਸਾਧਨਾ ਰਾਹੀਂ ਸੰਸਾਰ ਤੋਂ ਮੁਕਤ ਹੋ ਜਾਂਦਾ ਹੈ।

### ❀ ਦੋਸ਼ਾਂ ਦਾ ਹਲ

ਈਸ਼ਵਰ-ਵਾਦੀਆਂ ਵਲੋਂ ਕਰਮਵਾਦ ਤੇ ਕੁਝ ਦਸ਼ ਲਾਏ ਗਏ ਹਨ। ਪਰ ਜੈਨ-ਧਰਮ ਦਾ ਇਹ ਮਹਾਨ ਸਿਧਾਂਤ ਵਿਰੋਧੀਆਂ ਦੀ ਪ੍ਰੀਖਿਆ ਰੂਪੀ ਅੱਗ ਵਿਚੋਂ ਹੋਰ ਉੱਜਲ ਤੇ ਚਮਕਦਾਰ ਹੋ ਕੇ ਨਿਕਲਦਾ ਹੈ। ਸਾਰੇ ਦੋਸ਼ ਇਥੇ ਦਸਣ ਦੀ ਫੁਰਸਤ ਨਹੀਂ ਫਿਰ ਵੀ ਮੁੱਖ-ਮੁੱਖ ਦੋਸ਼ ਜਾਣ ਲੈਣੇ ਜ਼ਰੂਰੀ ਹਨ। ਜ਼ਰਾ ਧਿਆਨ ਨਾਲ ਪੜ੍ਹੋ:—

* ਹਰ ਆਤਮਾ ਚੰਗੇ-ਮਾੜੇ ਕੰਮ ਕਰਦੀ ਹੈ, ਪਰ ਬੁਰੇ ਕਰਮਾਂ ਦਾ ਫਲ ਕੋਈ ਵੀ ਨਹੀਂ ਚਾਹੁੰਦਾ। ਚੋਰ ਚੋਰੀ ਕਰਦਾ ਹੈ ਪਰ ਉਹ ਇਹ ਕਦੋਂ ਚਾਹੁੰਦਾ ਹੈ ਕਿ ਮੈਂ ਫੜਿਆ ਜਾਵਾਂ? ਦੂਸਰੀ ਗੱਲ ਇਹ ਹੈ ਕਿ ਕਰਮ ਆਪ ਜੜ (ਬੇਜਾਨ) ਰੂਪ ਹੋਣ ਕਰਕੇ ਉਹ ਕਿਸੇ ਵੀ ਰੱਬੀ ਚੇਤਨਾ ਦੀ ਪ੍ਰੇਰਣਾ ਤੋਂ ਬਿਨਾਂ ਫਲ ਦੇਣ ਤੋਂ ਅਸਮਰਥ ਹਨ। ਫਿਰ ਵੀ ਕਰਮਵਾਦੀਆਂ ਨੂੰ ਮੰਨਣਾ ਚਾਹੀਦਾ ਹੈ ਕਿ ਈਸ਼ਵਰ ਪ੍ਰਾਣੀਆਂ ਨੂੰ ਕਰਮ-ਫਲ ਦਿੰਦਾ ਹੈ।

* ਕਰਮਵਾਦ ਦਾ ਇਹ ਸਿਧਾਂਤ ਠੀਕ ਨਹੀਂ ਹੈ ਕਿ